Send to mail
All Schools
13/12/23

**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

**ਈ. ਬਲਾਕ, ਚੌਥੀ ਮੰਜ਼ਿਲ, ਪੰ.ਸ.ਸਿੱ.ਬੋ. ਕੰਪਲੈਕਸ, ਫੇਜ਼-8, ਐੱਸ.ਏ.ਐੱਸ. ਨਗਰ**

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),

ਸਮੂਹ ਪ੍ਰਿੰਸੀਪਲ SoE

ਅਤੇ ਪ੍ਰਿੰਸੀਪਲ, ਮੈਰੀਟੋਰੀਅਸ ਸਕੂਲ ਅੰਮ੍ਰਿਤਸਰ,

ਸਕੂਲ ਸਿੱਖਿਆ ਵਿਭਾਗ, ਪੰਜਾਬ।

ਮੀਮੋ ਨੰ. E-614983/2023397798-806

ਮਿਤੀ: 13.12.2023

2023155666
13/12/2023

**ਵਿਸ਼ਾ:-** **ਜਮਾਤ 11ਵੀਂ ਦੇ ਵਿਦਿਆਰਥੀਆਂ ਲਈ JEE ਅਤੇ NEET ਦੀ ਤਿਆਰੀ ਲਈ ਰਿਹਾਇਸ਼ੀ ਵਿੰਟਰ ਕੈਂਪ ਪ੍ਰੋਗਰਾਮ ਦੇ ਵੇਰਵੇ ਅਤੇ ਸੂਚਨਾਵਾਂ ਸਬੰਧੀ।**

**1.0** ਸਕੂਲ ਸਿੱਖਿਆ ਵਿਭਾਗ ਦਾ ਉਦੇਸ਼ ਸਾਡੇ ਵਿਦਿਆਰਥੀਆਂ ਨੂੰ JEE ਅਤੇ NEET ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਵਿੱਚ ਮਦਦ ਕਰਨ ਲਈ ਇੱਕ ਬੁਨਿਆਦ ਪ੍ਰਦਾਨ ਕਰਨਾ ਹੈ। ਜਮਾਤ 11ਵੀਂ ਦੇ ਵਿਦਿਆਰਥੀਆਂ ਲਈ 9 ਦਿਨਾਂ ਦਾ ਮਿਤੀ 23/12/23 ਤੋਂ 31/12/2023 ਤੱਕ ਰਿਹਾਇਸ਼ੀ ਸਰਦੀਆਂ ਦਾ ਕੈਂਪ ਲਗਾਉਣ ਦੀ ਯੋਜਨਾ ਬਣਾਈ ਗਈ ਹੈ।

**2.0** ਕੈਂਪ ਦਾ ਉਦੇਸ਼ ਸਾਡੇ ਵਿਦਿਆਰਥੀਆਂ ਨੂੰ ਸਮਰਪਿਤ ਕੋਚਿੰਗ ਅਤੇ ਪੂਰਕ ਸਮੱਗਰੀ ਨਾਲ ਉਨ੍ਹਾਂ ਦੀ ਤਿਆਰੀ ਵਿੱਚ ਯੋਜਨਾਬੰਦੀ ਅਤੇ ਸਹਾਇਤਾ ਪ੍ਰਦਾਨ ਕਰਕੇ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ, IIT-JEE ਅਤੇ NEET ਲਈ ਤਿਆਰ ਕਰਨਾ ਹੈ।

**3.0** ਰਿਹਾਇਸ਼ੀ ਸਰਦੀਆਂ ਦੇ ਕੈਂਪ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:-

1) ਇਹ ਕੈਂਪ ਲੱਗਭੱਗ 600 ਵਿਦਿਆਰਥੀਆਂ ਦਾ ਹੋਵੇਗਾ ਜੋ 9 ਦਿਨਾਂ (ਮਿਤੀ 23/12/23 ਤੋਂ 31/12/2023) ਦੇ JEE ਅਤੇ NEET ਦੀ ਤਿਆਰੀ ਲਈ ਰਿਹਾਇਸ਼ੀ ਕੈਂਪ ਵਿੱਚ ਹਿੱਸਾ ਲੈਣ ਦੇ ਇੱਛੁਕ ਹਨ।

2) ਕੈਂਪ ਵਿੱਚ ਹਾਜ਼ਰ ਹੋਣ ਲਈ ਵਿਦਿਆਰਥੀ ਦੀ ਦਿਲਚਸਪੀ ਅਤੇ ਮਾਪਿਆਂ ਦੀ ਸਹਿਮਤੀ ਦੇ ਆਧਾਰ 'ਤੇ JEE ਅਤੇ NEET ਲਈ ਲੱਗਭੱਗ 300-300 ਵਿਦਿਆਰਥੀ ਹੋਣਗੇ।

3) ਵਿਦਿਆਰਥੀਆਂ ਦੀ ਚੋਣ ਵਿਦਿਆਰਥੀਆਂ ਅਤੇ ਮਾਪਿਆਂ ਦੀ ਰੁੱਚੀ ਦੇ ਆਧਾਰ 'ਤੇ ਕੀਤੀ ਜਾਵੇਗੀ। ਸਾਰੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਕੂਲਾਂ ਦੁਆਰਾ ਓਰੀਐਂਟੇਸ਼ਨ ਪ੍ਰਦਾਨ ਕੀਤੀ ਜਾਵੇਗੀ।

4) ਇਹ ਕੈਂਪ ਸਕੂਲਾਂ ਦੀਆਂ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਲਗਾਇਆ ਜਾਵੇਗਾ ਤਾਂ ਜੋ ਨਿਯਮਤ ਕਲਾਸਾਂ ਪ੍ਰਭਾਵਿਤ ਨਾ ਹੋਣ। ਕੈਂਪ 23 ਦਸੰਬਰ 2023 ਤੋਂ 31 ਦਸੰਬਰ 2023 ਤੱਕ ਹੋਵੇਗਾ। ਕੈਂਪ ਦਾ ਅਧਾਰ ਸਥਾਨ ਮੈਰੀਟੋਰੀਅਸ ਸਕੂਲ ਅੰਮ੍ਰਿਤਸਰ ਹੋਵੇਗਾ। ਕੈਂਪ ਦੇ ਪੂਰੇ ਸਮੇਂ ਲਈ ਵਿਦਿਆਰਥੀਆਂ ਨੂੰ ਜ਼ੀਰੋ ਖਰਚ 'ਤੇ ਸਕੂਲਾਂ ਵਿੱਚ ਠਹਿਰਾਇਆ ਜਾਵੇਗਾ। ਕੈਂਪ ਦਾ ਸਾਰਾ ਖਰਚ ਸਕੂਲ ਸਿੱਖਿਆ ਵਿਭਾਗ ਵੱਲੋਂ ਚੁੱਕਿਆ ਜਾਵੇਗਾ।

5) ਕੈਂਪ ਵਿੱਚ JEE ਅਤੇ NEET ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਵਿੱਚ ਮਾਹਰ ਨਾਮਵਰ ਸਹਿਭਾਗੀ ਸੰਸਥਾਵਾਂ ਦੇ ਸਮਰਪਿਤ ਟਿਊਟਰ ਹੋਣਗੇ।

6) ਵਿਦਿਆਰਥੀ ਆਪਣੇ ਸਬੰਧਤ ਸਕੂਲਾਂ ਦੇ ਪ੍ਰਿੰਸੀਪਲ ਦੁਆਰਾ ਪ੍ਰਬੰਧ ਕੀਤੀਆਂ ਬੱਸਾਂ ਵਿੱਚ ਆਪੋ-ਆਪਣੇ ਸਕੂਲਾਂ ਤੋਂ ਮੈਰੀਟੋਰੀਅਸ ਸਕੂਲ ਤੱਕ ਵਿੱਚ ਸਫ਼ਰ ਕਰਨਗੇ। ਸਾਰੇ ਵਿਦਿਆਰਥੀਆਂ ਨੂੰ 23 ਦਸੰਬਰ 2023 ਤੱਕ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਸਰਦੀਆਂ ਦੇ ਕੈਂਪ ਸਥਾਨ 'ਤੇ ਪਹੁੰਚਣਾ ਹੋਵੇਗਾ।

7) ਜਿਹੜੇ ਵਿਦਿਆਰਥੀ ਕਿਸੇ ਕਾਰਨ ਵਿੰਟਰ ਕੈਂਪ ਵਿੱਚ ਭਾਗ ਨਹੀਂ ਲੈ ਸਕਣਗੇ ਉਨ੍ਹਾਂ ਨੂੰ ਸਕੂਲ ਸਿੱਖਿਆ ਵਿਭਾਗ ਦੁਆਰਾ ਅਲੱਗ ਤੋਂ ਐਕਸਪੋਜ਼ਰ ਵਿਜ਼ਿਟਸ ਤੇ ਜਾਣ ਦਾ ਮੌਕਾ ਦਿੱਤਾ ਜਾਵੇਗਾ। ਇਸ ਲਈ ਹਦਾਇਤਾਂ ਦਾ ਸਰਕੂਲਰ ਜਲਦੀ ਹੀ ਜਾਰੀ ਕੀਤਾ ਜਾ ਰਿਹਾ ਹੈ।

8) ਵਿੰਟਰ ਕੈਂਪ ਦਾ ਵਿਸਥਾਰ ਪੂਰਵਕ ਸ਼ਡਿਊਲ **ਅਨੁਲੱਗ-1** ਤੇ ਨੱਥੀ ਹੈ।

**4.0** ਸਾਰੇ ਪ੍ਰਿੰਸੀਪਲਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ:-

4.1 ਵਿਦਿਆਰਥੀਆਂ ਨਾਲ ਇਸ ਕੈਂਪ ਦੇ ਵੇਰਵੇ ਸਾਂਝੇ ਕੀਤੇ ਜਾਣ। ਇਸੇ ਤਰ੍ਹਾਂ, ਇਹ ਯਕੀਨੀ ਬਣਾਇਆ ਜਾਵੇ ਕਿ ਮਾਪਿਆਂ ਨੂੰ ਕੈਂਪ ਅਤੇ ਇਸਦੀ ਮਹੱਤਤਾ ਬਾਰੇ ਸਹੀ ਜਾਣਕਾਰੀ ਦਿੱਤੀ ਜਾਵੇ।

4.2 i) ਵਿਸਥਾਰ ਪੂਰਵਕ ਵਿੰਟਰ ਕੈਂਪ ਹੈਂਡ ਆਊਟ ਅਨੁਲੱਗ-2 ਤੇ ਨੱਥੀ ਕੀਤਾ ਗਿਆ ਹੈ।

ii) ਮਾਪੇ ਸਹਿਮਤੀ ਫਾਰਮ, ਸਵੈ-ਘੋਸ਼ਣਾ ਪੱਤਰ, ਜਰੂਰੀ ਵਸਤੂਆਂ ਅਤੇ ਨਿਰਦੇਸ਼ **ਅਨੁਲੱਗ-3** **(ੳ,ਅ ਅਤੇ ੲ)** ਤੇ ਨੱਥੀ ਕੀਤੇ ਗਏ ਹਨ।

iii) ਸਕੂਲ ਪ੍ਰਿੰਸੀਪਲ, ਵਿਦਿਆਰਥੀ ਅਤੇ ਮਾਪਿਆਂ ਨੂੰ **ਅਨੁਲੱਗ**-3 ਦੀਆਂ ਜਰੂਰੀ ਵਸਤੂਆਂ ਤੇ ਨਿਰਦੇਸ਼ ਨੋਟ ਕਰਵਾਉਣੇ ਯਕੀਨੀ ਬਣਾਉਣਗੇ।

4.3 ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਨਾਲ ਜਾਣਕਾਰੀ ਨੂੰ ਸਰਕੂਲੇਟ ਅਤੇ ਸਾਂਝਾ ਕੀਤਾ ਜਾਵੇ। ਮਾਪਿਆਂ ਨੂੰ ਦੱਸਿਆ ਜਾਵੇ ਕਿ ਉਹ ਹਰ ਰੋਜ਼ ਸਕੂਲ ਦੇ ਫ਼ੋਨ ਨੰਬਰਾਂ 'ਤੇ ਆਪਣੇ ਬੱਚਿਆਂ ਨਾਲ ਨਿਯਮਿਤ ਤੌਰ 'ਤੇ ਗੱਲ ਕਰ ਸਕਦੇ ਹਨ।

4.4 ਮਾਪਿਆਂ/ਸਰਪ੍ਰਸਤਾਂ ਦੁਆਰਾ ਵਿਧੀਵਤ ਤੌਰ 'ਤੇ ਸਵੀਕਾਰ ਕੀਤੇ ਗਏ ਸਹਿਮਤੀ ਫਾਰਮ ਇਕੱਠੇ ਕਰਕੇ ਅਤੇ ਕੈਂਪ ਲਗਾਉਣ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਿਆਰਥੀਆਂ ਦੀ ਜਾਣਕਾਰੀ 17 ਦਸੰਬਰ 2023 (ਐਤਵਾਰ) ਤੱਕ, ਵਿਭਾਗ ਵਲੋਂ ਭੇਜੇ ਗਏ ਨਮੂਨਾ ਫਾਰਮ ਤੇ ਭਰ ਕੇ ਭੇਜਣਾ ਯਕੀਨੀ ਬਣਾਇਆ ਜਾਵੇ□ ਨਮੂਨਾ ਫਾਰਮ ਅਨੁਲੱਗ-4 ਤੇ ਨੱਥੀ ਹੈ।

4.5 ਸਕੂਲ ਪ੍ਰਿੰਸੀਪਲ ਇਹ ਯਕੀਨੀ ਬਣਾਉਣਗੇ ਕਿ ਅਨੁਲੱਗ-5 ਤੇ ਨੱਥੀ ਸਕੂਲ ਵਾਈਜ਼ ਵਿਦਿਆਰਥੀਆਂ ਦੀ ਗਿਣਤੀ ਦੀ ਲਿਸਟ ਅਨੁਸਾਰ ਹੀ ਵਿਦਿਆਰਥੀ ਭੇਜੇ ਜਾਣ। ਸਕੂਲ ਪ੍ਰਿੰਸੀਪਲ ਵਿਦਿਆਰਥੀ ਦੀ ਅਕੈਡਮਿਕ ਪ੍ਰਫਾਰਮੈਂਸ ਦੇ ਹਿਸਾਬ ਨਾਲ ਵਿਦਿਆਰਥੀਆਂ ਦੀ ਚੋਣ ਕਰ ਸਕਦਾ ਹੈ।

4.6 ਵਿਦਿਆਰਥੀਆਂ ਦੇ ਨਾਲ ਕੈਂਪਾਂ ਵਿੱਚ ਜਾਣ ਲਈ 7:1 ਦੇ ਅਨੁਪਾਤ ਵਿੱਚ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਵੇ ਜੋ ਕਿ ਮਿਤੀ 23-12-2023 ਨੂੰ ਵਿਦਿਆਰਥੀਆਂ ਨੂੰ ਕੈਂਪ ਵਿੱਚ ਲੈ ਕੇ ਆਉਣ ਅਤੇ 31/12/2023 ਨੂੰ ਵਾਪਸ ਸਕੂਲ ਤੱਕ ਪਹੁੰਚਾਉਣ ਦੀ ਜਿੰਮੇਵਾਰੀ ਸੰਭਾਲਣਗੇ। ਅਧਿਆਪਕਾਂ ਨੂੰ ਕੈਂਪ ਸਥਾਨ 'ਤੇ ਰਹਿਣ ਦੀ ਲੋੜ ਨਹੀਂ ਹੋਵੇਗੀ।

4.7 ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬੱਸ/ਟੈਂਪੋ ਜਾਂ ਕਿਸੇ ਹੋਰ ਢੁਕਵੇਂ ਅਤੇ ਆਰਾਮਦਾਇਕ ਸਾਧਨ ਦਾ ਪ੍ਰਬੰਧ ਕੀਤਾ ਜਾਵੇ।

4.8 ਕੈਂਪ ਸਥਾਨ ਦਾ ਐਮਰਜੈਂਸੀ ਸੰਪਰਕ ਨੰਬਰ ਅਤੇ ਵਿਦਿਆਰਥੀਆਂ ਦੇ ਨਾਲ ਆਏ ਅਧਿਆਪਕ ਦੇ ਫੋਨ ਨੰਬਰ ਨੂੰ ਮਾਪਿਆਂ ਨਾਲ ਸਾਂਝਾ ਕੀਤਾ ਜਾਵੇ।

**5.0** ਸਹਿਯੋਗੀ ਅਧਿਆਪਕਾਂ ਦੁਆਰਾ ਹੇਠ ਲਿਖੇ ਅਨੁਸਾਰ ਯਕੀਨੀ ਬਣਾਇਆ ਜਾਵੇ:-

1) ਕੈਂਪਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

2) ਮਾਪਿਆਂ ਨਾਲ ਨਿਯਮਤ ਰਾਬਤਾ ਬਣਾ ਕੇ ਰੱਖਿਆ ਜਾਵੇ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਵਿਚਕਾਰ ਨਿਯਮਤ ਗੱਲਬਾਤ ਕਰਵਾਈ ਜਾਵੇ।

3) ਐਮਰਜੈਂਸੀ ਜਾਂ ਵਿਦਿਆਰਥੀ ਦੀ ਕਿਸੇ ਹੋਰ ਲੋੜ ਦੀ ਸਥਿਤੀ ਵਿੱਚ ਸਬੰਧਤ ਸਕੂਲ ਦੇ ਪ੍ਰਿੰਸੀਪਲਾਂ ਜਾਂ ਮਾਪਿਆਂ ਨਾਲ ਜਰੂਰੀ ਤੌਰ ਤੇ ਸਪੰਰਕ/ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।

6. ਵਿਦਿਆਰਥੀਆਂ ਲਈ ਮਹੱਤਵਪੂਰਨ ਜਾਣਕਾਰੀ:

i) ਵਿਦਿਆਰਥੀਆਂ ਵੱਲੋਂ ਨਾਲ ਲਿਆਉਂਦੀਆਂ ਜਾਣ ਵਾਲੀ ਵਸਤੂਆਂ ਦੀ ਸੂਚੀ ਅਨੁਲੱਗ-3 (ੲ) ਵਿੱਚ ਨੱਥੀ ਹੈ। ਵਿਦਿਆਰਥੀਆਂ ਨੂੰ ਨੋਟ ਕਰਵਾਇਆ ਜਾਵੇ।

7.0 ਮਾਪਿਆਂ ਲਈ ਜਾਣਕਾਰੀ:

1) ਜਿਵੇਂ ਕਿ ਤੁਸੀਂ ਜਾਣਦੇ ਹੋ, ਦਸੰਬਰ ਦੇ ਦੌਰਾਨ ਦਿਨ ਅਤੇ ਰਾਤ ਬਹੁਤ ਠੰਡੇ ਹੋ ਜਾਂਦੇ ਹਨ। ਇਸ ਲਈ ਇਹ ਯਕੀਨੀ ਬਣਾਓ ਕਿ ਤੁਹਾਡੇ ਬੱਚਿਆਂ ਨੇ ਲੋੜੀਂਦੇ ਕੱਪੜੇ ਅਤੇ ਨਾਲ ਨੱਥੀ ਲਿਸਟ ਅਨੁਸਾਰ ਵਸਤੂਆਂ ਪੈਕ ਕਰ ਲਈਆਂ ਹਨ।

2) ਜੇਕਰ ਤੁਸੀਂ ਚਾਹੋ ਤਾਂ ਆਪਣੇ ਬੱਚੇ ਨਾਲ ਇੱਕ ਮੋਬਾਇਲ ਫ਼ੋਨ ਭੇਜ ਸਕਦੇ ਹੋ। ਪਰ ਉਨ੍ਹਾਂ ਨੂੰ ਸ਼ਾਮ 7 ਵਜੇ ਤੋਂ ਰਾਤ 10 ਵਜੇ ਤੱਕ ਹੀ ਇਸ ਦੀ ਵਰਤੋਂ ਕਰਨ ਦੀ ਇਜਾਜ਼ਤ ਹੋਵੇਗੀ।

3) ਕਿਸੇ ਵੀ ਐਮਰਜੈਂਸੀ ਦੀ ਸਥਿਤੀ ਵਿੱਚ ਸਕੂਲ ਦੇ ਅਧਿਆਪਕ ਜਾਂ ਪ੍ਰਿੰਸੀਪਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

- ਸਹੀ -

**ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ), ਪੰਜਾਬ।**

ਪਿਠ ਅੰਕਣ ਨੰ: ੩੨੩ ਮਿਤੀ: 13.12.23

1. ਪੀ.ਏ.ਟੂ ਸਿੱਖਿਆ ਮੰਤਰੀ ਪੰਜਾਬ।
2. ਪੀ.ਏ.ਟੂ ਸਕੱਤਰ ਸਕੂਲ ਸਿੱਖਿਆ ਪੰਜਾਬ।
3. ਪੀ.ਏ.ਟੂ ਸਪੈਸ਼ਲ ਸਕੱਤਰ ਕੱਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
4. ਪੀ.ਏ.ਟੂ ਸਪੈਸ਼ਲ ਸਕੱਤਰ (C)
5. ਪੀ.ਏ.ਟੂ ਡਾਇਰੈਕਟਰ (ਐਸ.ਸੀ.ਈ.ਆਰ.ਟੀ.)
6. ਪੀ.ਏ.ਟੂ ਪ੍ਰੋਜੈਕਟ ਡਾਇਰੈਕਟਰ ਮੈਰੀਟੋਰੀਅਸ ਸੁਸਾਇਟੀ

Deepak Kumar 13/12/23

**ਸਹਾਇਕ ਡਾਇਰੈਕਟਰ (SoE)**

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ, ਜਲੰਧਰ
ਪਿਠ ਅੰਕਣ ਨੰ. ਸੈ/2023330/99
ਮਿਤੀ ਜਲੰਧਰ 18/12/2023

[illegible]

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਜਲੰਧਰ

## Annexure-1

### Day-wise student engagement schedule during the winter camp

| Time | Activity |
|---|---|
| 7:00am- 8:00 am | **Yoga/Sports/Activity** |
| 8:00 am -9:00 am | **Breakfast** |
| 9:15 am - 11:15 am | **Class – 1** |
| 11:30 am -1:30 pm | **Class – 2** |
| 1:30 pm- 2:30 pm | **Lunch** |
| 2:30 pm- 4:30 pm | **Class – 3** |
| 5:00 pm-6:00 pm | **Doubt Class (one subject, each class, each day)** |
| 8:00 pm-9:00 pm | **Dinner** |